# ਗੁਰ ਸਤਿਗੁਰ ਕਾ ਜੋ ਸਿਖੁ ਅਖਾਏ

**ਮਃ ੪ ॥**

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**

ਇਹ ਸ਼ਬਦ ਜਾਂ Hymn ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ। ਇਹ 'ਗਉੜੀ ਕੀ ਵਾਰ ਮਹਲਾ ੪' ਦੀ ੧੧ਵੀਂ 'ਪਉੜੀ' ਦੇ ਨਾਲ ਦਾ ਦੂਜਾ 'ਸਲੋਕ' ਹੈ ਅਤੇ ਅੰਕ ੩੦੫ ਤੇ ਸੁਭਾਇਮਾਨ ਹੈ।

ਇਸ ਸ਼ਬਦ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਗੁਰੂ ਦੇ ਸਿਖ ਦਾ **ਨਿਤ ਦਾ ਨੇਮ** Routine ਦਰਜ ਕੀਤਾ ਹੈ। ਇਹ ਸਮੂਹ ਰਹਿਤਨਾਮਿਆਂ ਤੋਂ ਉਪਰ ਹੈ ਕਿਉਂਕਿ ਕੋਈ ਵੀ '**ਰਹਿਤਨਾਮਾ**' **ਦਸਾਂ ਵਿਚੋਂ ਕਿਸੇ ਵੀ ਪਾਤਸ਼ਾਹ ਦਾ ਉਚਾਰਣ ਕੀਤਾ ਹੋਇਆ ਨਹੀਂ** ਹੈ। ਪਰ ਇਹ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਆਪਣੇ ਮੁਖਾਰਬਿੰਦ ਤੋਂ ਉਚਾਰਣ ਕੀਤਾ ਹੋਇਆ ਅਸਲ '**ਰਹਿਤਨਾਮਾ**' ਹੈ, (the only Authentic One) ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹੈ। ਬਾਕੀ ਸਾਰੇ ਰਹਿਤਨਾਮੇ ਸਿਖੀ ਦੀ ਸ਼ਰ੍ਹਾ ਦਾ ਹਿਸਾ ਹਨ, ਭਾਵੇਂ ਉਨ੍ਹਾਂ ਵਿਚਲੀ ਕਾਫ਼ੀ ਸਮੱਗਰੀ ਕੀਮਤੀ ਹੈ, ਪਰ ਉਨ੍ਹਾਂ ਵਿਚਲੀਆਂ ਦਸੀਆਂ ਰਹਿਤਾਂ ਦੀ ਪ੍ਰਮਾਣੀਕਤਾ authenticity ਵੀ ਪੂਰੀ ਯਕੀਨੀ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਦਾ ਇਕ ਹੁਕਮ ਵਰਣਨ ਕਰਨ ਯੋਗ ਹੈ ਕਿ ਨਿਰੀ ਬਾਹਰੀ ਸ਼ਰ੍ਹਾ, ਮਜ਼ਹਬੀ ਕਨੂੰਨਾਂ ਤੇ ਚਲ ਕੇ, ਬਿਨਾਂ ਨਾਮ ਜਪਣ ਦੇ, ਭਵਸਾਗਰ ਦਾ ਪਾਰਲਾ ਬੰਨਾਂ ਕਿਵੇਂ ਲਭ ਸਕਦਾ ਹੈ - '**ਸਰੈ ਸਰੀਅਤਿ ਕਰਹਿ ਬੀਚਾਰੁ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ॥**', ਪੰਨਾ ੮੪. ਸੋ ਨਾਮ ਜਪਣ, ਸਿਮਰਨ ਤੋਂ ਉਪਰ ਕੋਈ ਰਹਿਤਨਾਮਾ ਜਾਂ ਸ਼ਰ੍ਹਾ ਕੋਈ ਕੀਮਤ ਨਹੀਂ ਰਖਦੇ। ਇਸਲਾਮ ਵਿਚ ਸ਼ਰ੍ਹਈ ਕਨੂੰਨ Islamic Law ਬੰਦਗੀ ਤੋਂ ਉਪਰ ਉਠ ਚੁਕੇ ਹਨ ਪਰ ਉਨ੍ਹਾਂ ਦੇ ਪੈਗੰਬਰ, ਹਜ਼ਰਤ ਮੁਹੰਮਦ ਸਾਹਿਬ ਨੇ ਵੀ ਹਿਰਾ ਨਾਂ ਦੀ ਗੁਫ਼ਾ ਵਿਚ ਬੈਠ ਕੇ ਬੰਦਗੀ ਰਾਹੀਂ ਪ੍ਰਾਪਤੀ ਕੀਤੀ ਸੀ। ਸੋ ਇਸਲਾਮ ਵਿਚ ਵੀ ਬੰਦਗੀ, ਸਿਮਰਨ Contemplation ਦਾ ਪ੍ਰਮੁਖ ਸਥਾਨ ਹੈ। ਉਹ ਪੰਜ ਥੰਮੀਆਂ ਤੌਹੀਦ (ਕਲਮਾ), ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ ਇਸਲਾਮਿਕ ਸ਼ਰ੍ਹਾ ਦਾ ਮੂਲ ਹਨ, ਜੋ ਹਰ ਮੁਸਲਮਾਨ ਲਈ ਜ਼ਰੂਰੀ ਮੰਨੇ ਜਾਂਦੇ ਹਨ। ਪਰ ਸੇਖ ਫਰੀਦ ਜੀ ਨੇ ਅਲ੍ਹਾ ਤੋਂ ਬੰਦਗੀ ਦੀ ਮੰਗ ਕੀਤੀ - 'ਸੇਖ ਫਰੀਦੈ ਖੈਰੁ ਦੀਜੈ ਬੰਦਗੀ॥', ਪੰਨਾ ੪੮੮. ਭਗਤ ਕਬੀਰ ਜੀ ਨੇ ਵੀ ਸ਼ਰ੍ਹਾ ਤੋਂ ਉਪਰ ਨਾਮ ਜਪਣ ਨੂੰ ਹੀ ਮੰਨਿਆਂ ਹੈ। ਬਚਨ ਹਨ ਕਿ ਨਾ ਜਗਨਨਾਥ ਪੁਰੀ ਆਦਿ ਸਥਾਨਾਂ ਤੇ ਇਸ਼ਨਾਨ ਕਰਨ ਤੇ ਨਾ ਮਸੀਤ ਜਾ ਕੇ ਸਿਰ ਨਿਵਾਉਣ ਦਾ ਕੋਈ ਲਾਭ ਹੈ, ਦਿਲ ਵਿਚ ਕਪਟ ਰਖ ਕੇ ਨਮਾਜ਼ ਪੜਨੀ, ਕਾਆਬਾ ਦੀ ਹੱਜ ਆਦਿ ਵੀ ਬੇ-ਮਾਇਨੇ ਹਨ। ਹੇ ਪ੍ਰਾਣੀਉਂ ! ਸਿਰਫ਼ ਇਕ ਪਰਮਾਤਮਾ ਦੀ ਸਰਣ ਪੈਣਾ ਤੇ ਸਿਰਫ਼ ਨਾਮ ਜਪਣਾ, ਸਿਮਰਨ ਹੀ ਭਵਸਾਗਰ ਤੋਂ ਪਾਰ ਉਤਰਣ ਦਾ ਮਾਰਗ ਹੈ - 'ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥.. ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥', ਪੰਨਾ ੧੩੪੯.

## ਸ਼ਬਦ ਦੀ ਵਿਆਖਿਆ :

-- ਜੋ ਵੀ ਮਨੁਖ ਆਪਣੇ ਆਪ ਨੂੰ ਸਚੇ ਗੁਰੂ ਦਾ, ਭਾਵ, ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਦਾ ਸਿਖ ਅਖਵਾਉਂਦਾ ਹੈ ਉਸ ਲਈ ਇਹ ਜ਼ਰੂਰੀ ਹੈ, ਹੁਕਮ ਹੈ, mandatory ਹੈ ਕਿ ਉਹ **ਰੋਜ਼ ਅੰਮ੍ਰਿਤ ਵੇਲੇ** ਉਠ ਕੇ ਵਾਹਗੁਰੂ ਦਾ ਨਾਮ ਜਪੇ, ਧਿਆਏ, **ਸਿਮਰਨ ਕਰੇ**।

ਸ੍ਰੀ ਗੁਰੂ ਨਾਨਕ ਸਾਹਿਬ ਦੀ 'ਜਪੁ' ਬਾਣੀ ਦੀ ਤੀਜੀ ਪਉੜੀ ਵਿਚ ਮਹਾਰਾਜ ਨੇ ਦੋ ਪ੍ਰਸ਼ਨ ਉਠਾ ਕੇ ਫ਼ਿਰ ਉਨ੍ਹਾਂ ਦਾ ਹਲ ਵੀ ਕੀਤਾ ਹੈ। ਪਹਿਲਾ ਪ੍ਰਸ਼ਨ ਹੈ ਕਿ ਅਸੀਂ ਅਕਾਲ ਪੁਰਖ ਦੇ ਸਾਹਮਣੇ ਕੀ ਰਖੀਏ ਕਿ ਉਸ ਦਾ ਦਰਬਾਰ ਦਿਸ ਪਵੇ। ਦੂਜਾ ਪ੍ਰਸ਼ਨ ਹੈ ਕਿ ਅਸੀਂ ਆਪਣੇ

ਮੂੰਹ ਤੋਂ ਕੀ ਬੋਲੀਏ ਕਿ ਅਕਾਲ ਪੁਰਖ ਸਾਡੇ ਨਾਲ ਪ੍ਰੇਮ ਕਰਨ ਲਗ ਪਵੇ - 'ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥' ਇਨ੍ਹਾਂ ਪ੍ਰਸ਼ਨਾਂ ਦੇ ਜੁਆਬ ਵਿਚ ਮਹਾਰਾਜ ਨੇ ਆਪ ਹੀ ਫ਼ੁਰਮਾਣ ਕੀਤਾ ਹੈ ਕਿ ਅੰਮ੍ਰਿਤ ਵੇਲੇ ਉਠ ਕੇ ਅਕਾਲ ਪੁਰਖ ਦੇ ਸਚੇ ਨਾਮ, ਵਾਹਿਗੁਰੂ ਦਾ ਜਾਪ, ਸਿਮਰਨ ਕਰੀਏ ਅਤੇ ਇੰਞ ਸਿਮਰਨ ਦੇ ਜ਼ਰੀਏ ਉਸ ਦੀ ਵਡੀ ਵਡਿਆਈ ਦੀ ਵੀਚਾਰ ਕਰੀਏ - 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥' ਹੋਰ ਹੁਕਮ ਕਰਦੇ ਹਨ ਕਿ ਪ੍ਰਭਾਤ, ਅੰਮ੍ਰਿਤ ਵੇਲੇ ਗੁਰੂ ਦਾ ਬਖਸ਼ਿਆ 'ਸਬਦ' (ਗੁਰਮੰਤਰ), **ਵਾਹਿਗੁਰੂ** ਧਿਆਈਏ, ਵਾਹਗੁਰੂ ਦਾ ਸਿਮਰਨ, ਜਾਪ ਕਰੀਏ ਅਤੇ ਇਸ ਦੇ ਨਾਲ ਨਾਲ ਦੁਨੀਆਂ, ਦੁਨਿਆਵੀ ਰਿਸ਼ਤੇ, ਪਦਾਰਥ, ਧਨ ਆਦਿ ਦੇ ਨਾਲ ਪ੍ਰੀਤ ਕਰਨੀ ਛਡ ਦਈਏ। ਮਹਾਰਾਜ ਬਚਨ ਕਰਦੇ ਹਨ ਕਿ ਅਜਿਹੇ ਵਿਅਕਤੀ ਨੂੰ ਮੈਂ ਨਮਸਕਾਰ ਕਰਦਾ ਹਾਂ, ਅਤੇ ਉਸ ਦੇ ਦਾਸਾਂ ਦਾ ਦਾਸ ਹਾਂ ਕਿਉਂਕਿ ਸਿਰਫ਼ ਉਹੀ ਵਿਅਕਤੀ ਮਨੁਖਾ ਜਨਮ ਦੀ ਬਾਜ਼ੀ ਜਿਤ ਗਿਆ ਹੈ ਅਤੇ ਬਾਕੀ ਸਾਰਾ ਜਗਤ, ਜਿਸ ਨੇ ਇਹ ਕਾਰ, ਕੰਮ ਨਹੀਂ ਕੀਤਾ, ਮਨੁਖਾ ਜਨਮ ਦੀ ਬਾਜ਼ੀ ਹਾਰ ਗਿਆ ਹੈ - 'ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥ ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ॥', ਪੰਨਾ ੧੩੩੦.

ਦੂਜੇ ਪਾਤਸ਼ਾਹ ਦੇ ਵੀ ਬਚਨ ਹਨ ਕਿ ਰਾਤ ਦੇ ਚੌਥੇ ਪਹਿਰ, ਭਾਵ, ਅੰਮ੍ਰਿਤ ਵੇਲੇ ਉਚੀ ਸੁਰਤੀ ਵਾਲੇ ਵਿਅਕਤੀਆਂ ਦੇ ਮਨ ਅੰਦਰ ਉਮਾਹ ਪੈਦਾ ਹੁੰਦਾ ਹੈ, ਵਾਹਗੁਰੂ ਸਿਮਰਨ ਲਈ ਖਿਚ ਪੈਦਾ ਹੁੰਦੀ ਹੈ - 'ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥', ਪੰਨਾ ੧੪੬.
ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜਦੋਂ ਪ੍ਰੇਮ ਕਰਨ ਵਾਲਾ ਜੀਵ ਰੂਪੀ ਬਬੀਹਾ ਅੰਮ੍ਰਿਤ ਵੇਲੇ ਵਾਹਗੁਰੂ ਦਾ ਨਾਮ ਜਪਦਾ ਹੈ ਤਾਂ ਵਾਹਿਗੁਰੂ ਦੀ ਦਰਗਾਹ ਵਿਚ ਉਸ ਦੀ ਇਹ ਅਵਾਜ਼ ਸੁਣੀ ਜਾਂਦੀ ਹੈ, ਭਾਵ, ਨਾਮ ਜਪਿਆ ਥਾਂ ਪੈ ਜਾਂਦਾ ਹੈ - 'ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥', ਪੰਨਾ ੧੨੮੫.
ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਅੰਮ੍ਰਿਤ ਵੇਲੇ ਦਾ **ਵਾਹਗੁਰੂ ਵਾਹਗੁਰੂ**.. ਕਰ ਕੇ ਬੀਜਿਆ ਹੋਇਆ ਨਾਮ ਧਨ ਭਗਤ ਆਪ ਵੀ ਵਰਤਦੇ ਹਨ ਤੇ ਹੋਰਨਾਂ ਤੇ ਵੀ ਖਰਚ ਕਰਦੇ ਹਨ ਅਤੇ ਇੰਞ ਵਰਤਦਿਆਂ ਇਹ ਧਨ ਘਟਦਾ ਨਹੀਂ। ਇਸ ਧਨ ਦਾ ਹੋਰਨਾਂ ਤੇ ਖਰਚਣ ਦਾ ਭਾਵ ਹੈ, ਇਸ ਧਨ ਨੂੰ ਵਰਤ ਕੇ, ਭਗਤ ਹੋਰਾਂ ਦੇ ਕੰਮ ਕਰਦੇ ਰਹਿੰਦੇ ਹਨ। ਦੋਨਾਂ ਜਹਾਨਾਂ ਵਿਚ ਵਾਹਗੁਰੂ ਦੇ ਨਾਮ ਧਨ ਦੇ ਖ਼ਜ਼ਾਨੇ ਦੀ, ਭਗਤਾਂ ਨੂੰ ਵਡਿਆਈ ਮਿਲੀ ਹੋਈ ਹੈ - 'ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚ ਰਹੇ ਨਿਖੁਟੈ ਨਾਹੀ॥ ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥', ਪੰਨਾ ੭੩੪. ਅਜਿਹੇ ਭਗਤ ਜਨਾਂ ਲਈ ਸ੍ਰੀ ਗੁਰੂ ਅਰਜਨ ਸਾਹਿਬ ਦੇ ਵੀ ਬਚਨ ਹਨ ਕਿ ਉਨ੍ਹਾਂ ਕੋਲ ਅਜਿਹੇ ਕਮਾਏ ਹੋਏ ਨਾਮ ਧਨ ਦਾ ਤੋਟਾ ਕਦੇ ਨਹੀਂ ਆਉਂਦਾ ਭਾਵੇਂ ਉਹ ਇਸ ਧਨ ਨੂੰ ਖਾਂਦੇ ਖਰਚਦੇ, ਅਨੰਦ ਮਾਣਦੇ ਅਤੇ ਵਰਤਾਂਦੇ ਰਹਿਣ - 'ਕਛੂ ਨ ਥੋਰਾ ਹਰਿ ਭਗਤਨ ਕਉ॥ ਖਾਤ ਖਰਚਤ ਬਿਲਛਤ ਦੇਵਨ ਕਉ॥', ਪੰਨਾ ੩੯੦.
ਸੇਖ ਫਰੀਦ ਜੀ ਫ਼ੁਰਮਾਣ ਕਰਦੇ ਹਨ ਕਿ ਦਿਨ ਦੇ ਪਹਿਲੇ ਪਹਿਰ (ਰਾਤ 12:00 ਤੋਂ 3:00 ਵਜੇ ਤਕ) ਦੀ ਬੰਦਗੀ ਫ਼ੁਲ ਸਮਾਨ ਹੈ, ਰਾਤ ਦੇ ਪਿਛਲੇ ਪਹਿਰ (ਸਵੇਰੇ 3:00 ਤੋਂ 6:00 ਵਜੇ ਤਕ) ਦੀ ਬੰਦਗੀ ਫ਼ਲ ਸਮਾਨ ਹੈ - 'ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨਿ ਲਹੰਨਿ੍ ਸੇ ਸਾਈ ਕੰਨੋ ਦਾਤਿ॥', ਪੰਨਾ ੧੩੮੪. ਜੋ ਇਹ ਸਮੇਂ ਜਾਗ ਕੇ ਬੰਦਗੀ, ਸਿਮਰਨ ਕਰਦੇ ਹਨ ਉਹ ਇਹ ਦਾਤਾਂ, ਸਾਈਂ, ਵਾਹਗੁਰੂ ਪਾਸੋਂ ਪ੍ਰਾਪਤ ਕਰ ਲੈਂਦੇ ਹਨ। ਹੋਰ ਬਚਨ ਕਰਦੇ ਹਨ ਕਿ ਉਹ ਵਿਅਕਤੀ ਜੋ ਪਿਛਲੀ ਰਾਤ, ਭਾਵ, ਅੰਮ੍ਰਿਤ ਵੇਲੇ ਰੱਬ ਨੂੰ ਚੇਤੇ ਨਹੀਂ ਕਰਦੇ, ਨਹੀਂ ਸਿਮਰਦੇ ਉਹ ਜੀਉਂਦੇ ਜੀਅ ਮੁਰਦਾ ਹਨ। ਹੇ ਮਨੁਖ ! ਤੂੰ ਭਾਵੇਂ ਰੱਬ ਨੂੰ

ਨਹੀਂ ਚੇਤੇ ਕਰ ਰਿਹਾ ਪਰ ਉਹ ਤੈਨੂੰ ਨਹੀਂ ਭੁਲਦਾ, ਤੇਰੇ ਵਲ ਲਗਾਤਾਰ ਵੇਖ ਰਿਹਾ ਹੈ ਕਿ ਤੂੰ ਉਸ ਨੂੰ ਕਿਉਂ ਭੁਲਾਈ ਬੈਠਾ ਹੈਂ - 'ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥ ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥', ਪੰਨਾ ੧੩੮੩.

ਸਿਮਰਨ ਦੀ ਅਪਾਰ ਮਹਿਮਾ ਭਗਤ ਕਬੀਰ ਜੀ ਦੇ ਇਕ ਸਲੋਕ ਤੋਂ ਉਜਾਗਰ ਹੁੰਦੀ ਹੈ, ਜਦੋਂ ਉਹ ਫ਼ੁਰਮਾਣ ਕਰਦੇ ਹਨ ਕਿ ਜੇ ਕੋਈ ਸੁਪਨੇ ਵਿਚ ਬਰੜਾ ਕੇ ਵੀ ਆਪਣੇ ਮੁਖ ਤੋਂ ਰਾਮ ਪ੍ਰਭੂ ਦਾ ਨਾਮ ਲੈਂਦਾ ਹੈ ਤਾਂ ਮੇਰੇ ਤਨ ਦੀ ਚਮੜੀ ਤੋਂ ਉਸ ਦੇ ਚਰਨਾਂ ਦੀ ਜੁਤੀ ਬਣ ਕੇ ਪੈ ਜਾਏ - 'ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥ ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥', ਪੰਨਾ ੧੩੬੭.

**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**

– – ਜੇ ਕੋਈ ਵਿਅਕਤੀ ਗੁਰੂ ਦਾ ਸਿਖ ਅਖਵਾਉਣਾਂ ਚਾਹੁੰਦਾ ਹੈ ਤਾਂ ਉਹ ਅੰਮ੍ਰਿਤ ਵੇਲੇ ਉਠ ਕੇ ਗੁਰੂ ਦੇ ਨਾਮ ਸਰੋਵਰ ਵਿਚ ਇਸ਼ਨਾਨ ਕਰੇ।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ 'ਅੰਮ੍ਰਿਤ ਸਰੁ' ਦੀ ਵਿਆਖਿਆ ਕਰ ਦਿਤੀ ਹੈ ਕਿ ਸਚਾ ਗੁਰੂ ਹੀ ਸਚਾ ਨਾਮ ਰੂਪੀ ਅੰਮ੍ਰਿਤ ਸਰ ਹੈ, ਨਾਮ ਦਾ ਸਰੋਵਰ ਹੈ ਜਿਥੇ ਵਾਹਿਗੁਰੂ ਦੇ ਨਾਮ ਵਿਚ ਇਸ਼ਨਾਨ ਕੀਤਾ ਜਾ ਸਕਦਾ ਹੈ, ਜਿਸ ਨਾਲ ਸਾਡੇ ਅੰਦਰ ਦੀ ਪਾਪਾਂ ਰੂਪੀ ਸਾਰੀ ਮੈਲ ਕਟੀ ਜਾਂਦੀ ਹੈ - 'ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ॥', ਅੰਕ ੧੧੩. ਭੱਟ ਗਯੰਦ ਜੀ ਨੇ ਚੌਥੇ ਪਾਤਸ਼ਾਹ ਨੂੰ ਸੰਬੋਧਨ ਕਰਦੇ ਹੋਏ ਅੰਕਤ ਕੀਤਾ ਹੈ ਕਿ ਜੋ ਸਿਖ ਅੰਮ੍ਰਿਤ ਵੇਲੇ ਉਠ ਕੇ ਸ਼ੁਧ ਮਨ ਨਾਲ ਗੁਰ-ਜੋਤਿ, ਪਾਰਸ ਸ੍ਰੀ ਗੁਰੂ ਰਾਮਦਾਸ ਸਾਹਿਬ ਦੀ ਪੂਜਾ ਗੁਰ ਮਰਯਾਦਾ ਅਨੁਸਾਰ ਕਰਦਾ ਹੈ, ਧਿਆਨ ਧਰਦਾ ਹੈ, ਭਾਵ, ਉਨ੍ਹਾਂ ਨੂੰ ਸਿਮਰਦਾ ਹੈ, ਉਸ ਦਾ ਤਨ ਕੰਚਨ (ਸੋਨਾ), ਭਾਵ, ਸ਼ੁਧ ਹੋ ਜਾਂਦਾ ਹੈ - 'ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥ ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯ੍ਯਾਨੁ ਧਰੰ॥', ਪੰਨਾ ੧੪੦੨.

ਗੁਰਮਤਿ ਅਨੁਸਾਰ ਬਾਹਰੀ ਇਸ਼ਨਾਨ ਦਾ ਅਧਿਆਤਮਕਤਾ ਨਾਲ ਕੋਈ ਵਾਸਤਾ ਨਹੀਂ ਹੈ। ਬੜੇ ਸਪੱਸ਼ਟ ਸ਼ਬਦਾਂ ਵਿਚ ਗੁਰਬਾਣੀ ਇਸ ਸੰਬੰਧ ਦੀ ਨਿਖੇਧੀ ਕਰਦੀ ਹੈ। ਜੇ ਜਲ ਦੇ ਨਾਲ ਇਸ਼ਨਾਨ ਕਰਨ ਨਾਲ ਪਰਮਗਤੀ ਦੀ ਪ੍ਰਾਪਤੀ ਸੰਭਵ ਹੁੰਦੀ ਤਾ ਉਹ ਜੀਵ ਜਿਹੜੇ ਪਾਣੀ ਵਿਚ ਹੀ ਇਸ਼ਨਾਨ ਕਰਦੇ ਰਹਿੰਦੇ ਹਨ ਤਾਂ ਉਹ ਮੁਕਤਿ ਹੋ ਜਾਂਦੇ ਪਰ ਜਿਵੇਂ ਉਹ ਜੀਵ ਅਮੁਕਤਿ ਹਨ ਉਵੇਂ ਹੀ ਉਹ ਮਨੁਖ ਵੀ ਅਮੁਕਤਿ ਹੀ ਹਨ ਅਤੇ ਆਵਾਗਮਨ ਦੇ ਚੱਕਰ ਵਿਚ ਹਨ - 'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥', ਪੰਨਾ ੪੮੪.

ਸਗੋਂ ਸੰਤਾਂ, ਭਗਤ ਜਨਾਂ ਦੇ ਚਰਨਾਂ ਦੀ ਧੂੜ ਅਤੇ ਪ੍ਰਭੂ ਦੇ ਨਾਮ ਸਿਮਰਨ ਨੂੰ ਹੀ ਅਸਲ ਇਸ਼ਨਾਨ ਮੰਨਿਆਂ ਗਿਆ ਹੈ ਅਤੇ ਇਸੇ ਨਾਮ ਦਾ ਹੀ ਹੋਰਨਾਂ ਨੂੰ ਦਾਨ ਵੀ ਕਰਨਾ ਹੈ, ਜਿਵੇਂ ਪੰਚਮ ਪਾਤਸ਼ਾਹ ਦੇ ਉਪਦੇਸ਼ ਹਨ - 'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥', ਪੰਨਾ ੧੩੫ ਅਤੇ - 'ਸੰਤ ਕਾ ਦਰਸੁ ਪੂਰਨ ਇਸਨਾਨੁ॥', ਪੰਨਾ ੧੯੯. ਹੋਰ ਫ਼ੁਰਮਾਣ ਕਰਦੇ ਹਨ - 'ਸੰਤ ਰੇਨੁ ਕਰਉ ਮਜਨੁ ਨਾਨਕ ਪਾਵੈ ਸੁਖ ਅਨੇਕ॥', ਪੰਨਾ ੧੩੪੧. **ਵਾਹਗੁਰੂ ਵਾਹਗੁਰੂ...** ਨਾਮ ਸਿਮਰਨ ਰੂਪੀ ਇਸ਼ਨਾਨ ਕਰਨ ਦਾ ਹੁਕਮ ਕੀਤਾ ਹੈ, ਜਿਸ ਨਾਲ ਅਸਲ ਸੁਚਮਤਾ ਆਂਦੀ ਹੈ - 'ਹਰਿ ਹਰਿ ਨਾਮਿ ਮਜਨੁ ਕਰ ਸੂਚੇ॥', ਪੰਨਾ ੧੯੭. ਸਮੁਚੀ ਗੁਰਬਾਣੀ ਵਿਚ ਅਜਿਹੇ ਇਸ਼ਨਾਨ ਦਾ ਹੀ ਉਪਦੇਸ਼ ਹੈ।

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**

– – (ਨੋਟ : ਇਹ ਪੰਕਤੀ ਪਿਛਲੀ ਪੰਕਤੀ ਦੀ ਵਿਆਖਿਆ ਹੈ ਕਿ ਕਿਹੜਾ ਇਸ਼ਨਾਨ)

ਗੁਰੂ ਦਾ ਦਿਤਾ ਉਪਦੇਸ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ...** ਜਪਣਾ ਹੈ, ਉਹ ਉਪਦੇਸ ਜੋ ਗੁਰੂ ਧਾਰਨ ਕਰਨ ਲਗਿਆਂ ਗੁਰਦੀਖਿਆ ਦੀ ਵਿਧੀ ਨਾਲ **ਵਾਹਗੁਰੂ** ਗੁਰਮੰਤਰ ਅਲਾਟ ਹੋਇਆ ਸੀ। ਇਹ ਗੁਰਦੀਖਿਆ ਦੀ ਵਿਧੀ ਹੁਣ ਖੰਡੇ ਬਾਟੇ ਦਾ ਅੰਮ੍ਰਿਤ ਹੈ। ਇਸ ਤਰ੍ਹਾਂ **ਵਾਹਗੁਰੂ ਵਾਹਗੁਰੂ...** ਦਾ ਜਾਪ ਜਪਣ ਨਾਲ ਸਾਰੇ ਪਾਪਾਂ, ਨਾ ਮੁਆਫ਼ ਹੋ ਸਕਣ ਵਾਲੇ ਪਾਪਾਂ (ਕਿਲਵਿਖ) ਦੇ ਦੋਖ ਵੀ ਸਾਡੇ ਤੋਂ ਲਹਿ ਜਾਂਦੇ ਹਨ।

ਭਗਤ ਕਬੀਰ ਜੀ ਅਜਿਹੀ ਹੀ ਸਿਮਰਨ ਦੀ ਮਹਿਮਾ ਕਰਦੇ ਹੋਏ ਬਚਨ ਕਰਦੇ ਹਨ ਕਿ ਪ੍ਰਭੂ ਦੇ ਸਿਮਰਨ ਦੀ ਬਰਕਤ ਨਾਲ ਪਾਪਾਂ ਤੋਂ ਪੈਦਾ ਹੋਣ ਵਾਲੀਆਂ ਨਕਾਰਾਤਮਕਤਾਵਾਂ, ਪਾਪਾਂ ਦਾ ਭਾਰ, ਬਲਾਵਾਂ ਅਤੇ ਮਾਇਆ ਮੋਹ ਆਦਿ ਦੀਆਂ ਖਿਚਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ - 'ਜਿਹ ਸਿਮਰਨਿ ਨਾਹੀ ਨਨਕਾਰੁ॥ ਮੁਕਤਿ ਕਰੈ ਉਤਰੈ ਬਹੁ ਭਾਰ॥.. ਜਿਹ ਸਿਮਰਨਿ ਤੇਰੀ ਜਾਇ ਬਲਾਇ॥ ਜਿਹ ਸਿਮਰਨਿ ਤੁਝੁ ਪੋਹੈ ਨ ਮਾਇ॥', ਪੰਨਾ ੯੭੧.

**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**

-- ਇਸ ਤਰ੍ਹਾਂ ਸਾਰੇ ਅੰਮ੍ਰਿਤ ਵੇਲੇ ਦੇ ਦੌਰਾਨ ਸਿਮਰਨ ਕਰਨ ਤੋਂ ਬਾਅਦ ਦਿਨ ਚੜੇ ਤੇ ਗੁਰਬਾਣੀ ਪੜ੍ਹੇ/ਗਾਇਨ ਕਰੇ ਅਤੇ ਫ਼ਿਰ ਬੈਠਦਿਆਂ ਉਠਦਿਆਂ ਵਾਹਗੁਰੂ ਦਾ ਨਾਮ ਧਿਆਈ ਚਲੇ, ਸਿਮਰਨ ਕਰਦਾ ਰਹੇ।

ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹ ਉਨ੍ਹਾਂ ਗੁਰਸਿਖਾਂ ਤੋਂ ਵਾਰਨੇ, ਕੁਰਬਾਨ ਜਾਂਦੇ ਹਨ ਜੋ ਬੈਠਦਿਆਂ ਉਠਦਿਆਂ ਵਾਹਗੁਰੂ ਦਾ ਨਾਮ ਜਪਦੇ ਰਹਿੰਦੇ ਹਨ - 'ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥', ਪੰਨਾ ੫੯੦. ਹੋਰ ਫ਼ੁਰਮਾਣ ਕਰਦੇ ਹਨ ਕਿ ਉਠਦਿਆਂ ਬੈਠਦਿਆਂ ਸੁਤਿਆਂ ਸਦਾ ਹੀ ਵਾਹਿਗੁਰੂ ਦਾ ਨਾਮ ਸਿਮਰਦੇ ਰਹੀਏ ਤਾਂ ਗੁਰੂ ਦੀ ਕਿਰਪਾ ਸਦਕਾ ਹਰੀ, ਵਾਹਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ - 'ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ॥', ਅੰਕ ੫੯੪.

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਜੋ ਮਨੁਖ ਸੌਂਦਿਆਂ ਜਾਗਦਿਆਂ 'ਵਾਹੁ ਵਾਹੁ', ਭਾਵ, **ਵਾਹਗੁਰੂ ਵਾਹਗੁਰੂ...** ਦਾ ਉਚਾਰਣ ਕਰਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਵਾਹਗੁਰੂ ਦੀ ਯਾਦ ਨੂੰ ਨਿਤ ਦੀ ਕਾਰ, ਕੰਮ ਬਣਾਉਂਦੇ ਹਨ, ਸਦਾ ਉਸ ਨੂੰ **ਸਮਾਲਦੇ** ਹਨ, ਚੇਤੇ ਰਖਦੇ ਹਨ, ਉਨ੍ਹਾਂ ਦੇ ਵਾਹਗੁਰੂ ਦੇ ਦਰਬਾਰ ਵਿਚ ਮੁਖ ਉਜਲੇ ਹੋ ਜਾਂਦੇ ਹਨ - 'ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ **ਸੰਮਾਲੇਨਿ**॥', ਪੰਨਾ ੩੧੨. ਹੋਰ ਫ਼ੁਰਮਾਣ ਕਰਦੇ ਹਨ ਕਿ ਜੇ ਮੈਨੂੰ ਕੋਈ ਅਜਿਹਾ ਗੁਰਮੁਖਿ ਵਿਅਕਤੀ ਮਿਲ ਪਏ ਜੋ ਸੁਤਿਆਂ ਤੇ ਉਠਿਆਂ ਵੀ **ਗੁਰੂ**, ਭਾਵ, **ਵਾਹਿਗੁਰੂ** ਦਾ ਨਾਮ ਜਪਦਾ, ਅਲਾਪਦਾ ਹੈ, ਮੈਂ ਉਸਦੇ ਪੈਰ ਧੋਵਾਂ - 'ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ॥ ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ॥', ਪੰਨਾ ੭੫੮ ਅਤੇ - 'ਨਾਨਕ ਦਾਸ ਕਹਹੁ ਗੁਰ ਵਾਹੁ॥' ਇਨ੍ਹਾਂ ਤਿਨਾਂ ਪੰਕਤੀਆਂ ਨੂੰ ਮਿਲਾ ਕੇ '**ਵਾਹਗੁਰੂ**' ਸ਼ਬਦ ਵਲ ਇਸ਼ਾਰਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦਾ ਸੁਖਮਨੀ ਸਾਹਿਬ ਵਿਚ ਫ਼ੁਰਮਾਣ ਹੈ ਕਿ ਸਾਨੂੰ ਉਠਦਿਆਂ ਬਹਿੰਦਿਆਂ, ਸੌਂਦਿਆਂ ਨਾਮ ਧਿਆਉਣਾਂ, ਸਿਮਰਨ ਕਰਨਾ ਚਾਹੀਦਾ ਹੈ, ਇਹੀ ਸਿਖ ਦਾ ਸਦਾ ਕੰਮ ਹੋਣਾ ਚਾਹੀਦਾ ਹੈ - 'ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥'

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥**

-- ਫ਼ੁਰਮਾਣ ਹੈ ਕਿ ਜਿਹੜਾ ਗੁਰੂ ਦਾ ਸਿਖ ਹਰ ਸਾਹ ਅਤੇ ਹਰ ਗਰਾਂਹ, ਬੁਰਕੀ ਨਾਲ ਮੇਰੇ ਪ੍ਰਭੂ ਦਾ 'ਹਰਿ ਹਰਿ'..., ਭਾਵ, **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ...** ਕਰ ਕੇ ਨਾਮ ਧਿਆਉਂਦਾ ਹੈ, ਸਿਮਰਨ ਕਰਦਾ ਹੈ ਉਹ ਗੁਰੂ ਦੇ ਮਨ ਨੂੰ ਭਾਉਂਦਾ ਹੈ, ਚੰਗਾ ਲਗਦਾ ਹੈ।

ਤੀਜੇ ਪਾਤਸ਼ਾਹ ਦੇ ਬਚਨ ਹਨ ਕਿ ਜੋ ਪ੍ਰਭੂ ਦੇ ਜਨ ਹਰ ਸਾਹ, ਹਰ ਗਰਾਂਹ ਲੈਂਦਿਆਂ

ਵਾਹਗੁਰੂ ਨੂੰ ਨਹੀਂ ਭੁਲਦੇ ਉਹੀ ਪੂਰੇ ਸਹੀ ਜਾਣੇ ਜਾਣ – 'ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ॥', ਪੰਨਾ ੬੫੧. ਚੌਥੇ ਪਾਤਸ਼ਾਹ ਦਾ ਹੁਕਮ ਹਰੀ ਪ੍ਰਭੂ ਨੂੰ ਹਰ ਸਾਹ ਅਤੇ ਗਰਾਂਹ ਨਾਲ ਧਿਆਉਣ ਦਾ ਹੈ, ਸਿਮਰਨ ਕਰਨ ਦਾ ਹੈ – 'ਹਰਿ ਧਿਆਵਹੁ ਸਾਸਿ ਗਿਰਾਸਿ॥', ਪੰਨਾ ੮੨. ਬਚਨ ਹਨ ਕਿ ਜਿਨ੍ਹਾਂ ਨੇ ਉਸ ਪ੍ਰਭੂ ਨੂੰ ਹਰ ਸਾਹ ਗਰਾਂਹ ਨਾਲ ਨਹੀਂ ਵਿਸਾਰਿਆ ਉਹੀ ਮਨੁਖ ਪੂਰਨ ਹਨ, ਵਾਹਿਗੁਰੂ ਦੇ ਦਰਬਾਰ ਵਿਚ ਸੋਭਾ ਪ੍ਰਾਪਤ ਕਰਦੇ ਹਨ – 'ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥', ਪੰਨਾ ੩੧੩. ਸਿਰਫ਼ ਸਾਹ ਗਰਾਂਹ ਨਾਲ ਰੋਜ਼ ਬੈਠਦਿਆਂ ਉਠਦਿਆਂ ਉਸ ਨੂੰ ਕਿਉਂ ਵਿਸਾਰੀਏ – 'ਕਿਉ ਸਾਸਿ ਗਿਰਾਸਿ ਵਿਸਾਰੀਐ ਬਹਦਿਆ ਉਠਦਿਆ ਨਿਤ॥', ਪੰਨਾ ੩੧੪. ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜੋ ਵਿਅਕਤੀ ਹਰ ਸਾਹ ਹਰ ਗਰਾਂਹ ਨਾਲ ਪ੍ਰਭੂ ਨੂੰ ਨਹੀਂ ਵਿਸਾਰਦਾ, ਭਾਵ, ਸਦਾ ਸਿਮਰਦਾ ਰਹਿੰਦਾ ਹੈ ਉਹ ਵਿਅਕਤੀ ਗੁਰੂ ਦਾ ਹੀ ਸਫ਼ਲ ਸਰੂਪ ਹੈ – 'ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ॥', ਅੰਕ ੫੩. ਹੋਰ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਨੂੰ ਪੂਰੇ ਵਿਸ਼ਵਾਸ ਨਾਲ ਹਰ ਸਾਹ ਤੇ ਗਰਾਂਹ ਨਾਲ ਸਿਮਰੀਏ, ਉਸ ਨੂੰ ਮਨ ਤੋਂ ਕਿਉਂ ਵਿਸਾਰੀਏ – 'ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ॥', ਪੰਨਾ ੮੦. ਹੋਰ, ਜੋ ਹਰ ਸਾਹ ਗਿਰਾਂਹ ਨਾਲ ਹਰੀ ਪ੍ਰਭੂ ਦਾ ਨਾਮ ਮਨੋਂ ਨਹੀ ਵਿਸਾਰਦੇ ਧੰਨ ਹਨ ਉਹੀ ਮਨੁਖ ਪੂਰਨ ਸੰਤ ਹਨ – 'ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤਿ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥', ਪੰਨਾ ੩੧੯. ਹਰੀ ਪ੍ਰਭੂ ਜਿਨ੍ਹਾਂ ਤੇ ਕਿਰਪਾ ਕਰ ਦਿੰਦਾ ਹੈ ਉਹ ਹਰ ਸਾਹ ਗਿਰਾਂਹ ਨਾਲ 'ਹਰਿ ਹਰੀ'... **ਵਾਹਗੁਰੂ ਵਾਹਗੁਰੂ..** ਜਪਦਾ ਹੈ – 'ਕਹੁ ਨਾਨਕ ਪ੍ਰਭਿ ਕਿਰਪਾ ਕਰੀ॥ ਸਾਸਿ ਗਿਰਾਸਿ ਜਪਉ ਹਰਿ ਹਰੀ॥', ਪੰਨਾ ੧੧੪੮.
ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿਚ ਹਰ ਵਕਤ ਸਿਮਰਨ ਕਰਨ ਦਾ ਉਪਦੇਸ਼ ਦਿਤਾ ਹੈ – 'ਸਦਾ ਸਦਾ ਸਿਮਰਿ ਦਿਨੁ ਰਾਤਿ॥ ਊਠਤ ਬੈਠਤ ਸਾਸਿ ਗਿਰਾਸਿ॥', ਪੰਨਾ ੯੭੧

**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥**

– – ਪਾਤਸ਼ਾਹ ਦੇ ਬਚਨ ਹਨ ਕਿ ਜਿਸ ਗੁਰਸਿਖ ਤੇ ਅਕਾਲ ਪੁਰਖ ਦਇਆਲ ਹੋ ਜਾਂਦਾ ਹੈ ਉਸ ਨੂੰ ਗੁਰੂ ਨਾਮ ਰੂਪੀ ਉਪਦੇਸ ਸੁਣਾ ਦਿੰਦਾ ਹੈ, ਬਖ਼ਸ਼ ਦਿੰਦਾ ਹੈ।
ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜਿਸ ਤੇ ਪਾਰਬ੍ਰਹਮ ਆਪ ਦਇਆਲ ਹੋ ਜਾਂਦਾ ਹੈ, ਘਣੇਰੀ ਕਿਰਪਾ ਕਰ ਦਿੰਦਾ ਹੈ ਉਸ ਨੂੰ ਗੁਰੂ ਦੇ ਰਾਹੀਂ ਨਾਮ ਦਾਨ ਬਖ਼ਸ਼ ਦਿੰਦਾ ਹੈ – 'ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ॥', ਪੰਨਾ ੨੭. ਅਜਿਹਾ ਹੀ ਮਨੁਖ ਹਰੀ ਪ੍ਰਭੂ ਦਾ ਨਾਮ ਜਪ ਕੇ ਇਹ ਔਖਾ ਤਰਿਆ ਜਾਣ ਵਾਲਾ ਭਵਸਾਗਰ ਤਰ ਜਾਂਦਾ ਹੈ – 'ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ॥', ਪੰਨਾ ੮੩. ਹੋਰ ਫ਼ੁਰਮਾਣ ਕਰਦੇ ਹਨ ਕਿ ਅਜਿਹਾ ਗੁਰਸਿਖ ਧੰਨ ਹੈ ਜਿਸ ਦੇ ਕੰਨੀਂ ਗੁਰੂ ਆਪਣਾ ਗੁਰਮੰਤਰ ਰੂਪੀ ਉਪਦੇਸ਼ ਸੁਣਾ ਦਿੰਦਾ ਹੈ – 'ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥', ਪੰਨਾ ੫੯੦.
ਚੌਥੇ ਪਾਤਸ਼ਾਹ ਬਚਨ ਕਰਦੇ ਹਨ ਕਿ ਜਦੋਂ ਗੁਰੂ ਦਇਆਲ ਹੋ ਜਾਂਦਾ ਹੈ ਤਾਂ ਉਹ ਹਰੀ ਪ੍ਰਭੂ ਦੇ **ਨਾਮ ਦਾ ਉਪਦੇਸ਼** ਦੇ ਕੇ ਮਨੁਖ ਨੂੰ ਸਿਆਣਾ ਬਣਾ ਦਿੰਦਾ ਹੈ, ਧੰਨ ਹੈ ਧੰਨ ਹੈ ਅਜਿਹਾ ਗੁਰੂ ਸਤਿਗੁਰੂ – 'ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ ਪਾਧਾ ਜਿਨਿ **ਹਰਿ ਉਪਦੇਸੁ** ਦੇ ਕੀਏ ਸਿਆਣੇ॥', ਪੰਨਾ ੧੬੮. ਭਗਤ ਕਬੀਰ ਜੀ ਵੀ ਸਿਮਰਨ ਨੂੰ ਗੁਰੂ ਦੀ ਕਿਰਪਾ ਰਾਹੀਂ ਪਰਾਪਤ ਹੋ ਸਕਦਾ ਦਸਦੇ ਹਨ – 'ਸਿਮਰਿ ਸਿਮਰਿ ਹਰਿ ਹਰਿ ਮਨ ਗਾਈਐ॥ ਇਹੁ ਸਿਮਰਨੁ ਸਤਿਗੁਰ ਤੇ ਪਾਈਐ॥', ਇਸ ਸਮੁਚੇ ਸ਼ਬਦ ਵਿਚ ਭਗਤ ਜੀ ਨੇ ਸਿਮਰਨ ਦੀ ਮਹਿਮਾ ਗਾਈ ਹੈ, ਪੰਨਾ ੯੭੧ ।
ਇਹ ਸਭ ਕੁਝ ਘਣੇਰੀ ਕਿਰਪਾ ਦਾ ਸੂਚਕ ਹੈ। ਵੈਸੇ ਤਾਂ ਅਕਾਲ ਪੁਰਖ ਸਭ ਤੇ ਕਿਰਪਾ

ਕਰਦਾ ਹੈ ਪਰ ਕਈਆਂ ਤੇ ਅਤੁਟ ਕਿਰਪਾ ਦਾ ਖ਼ਜ਼ਾਨਾ ਖੋਲ ਦਿੰਦਾ ਹੈ, ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ - 'ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ **ਘਣੇਰੀ**॥', ਪੰਨਾ ੧੧੯. ਸਪੱਸ਼ਟ ਹੀ ਕਰ ਦਿਤਾ ਹੈ ਕਿ ਆਪਣੇ ਭਗਤਾਂ ਤੇ ਵਾਹਿਗੁਰੂ ਇਹ 'ਘਣੇਰੀ' ਕਿਰਪਾ ਹਮੇਸ਼ਾਂ ਸਦਾ ਤੋਂ ਹੀ ਰਖਦਾ ਆਇਆ ਹੈ - 'ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥', ਪੰਨਾ ੬੩੭.

ਕੁਝ ਇਸੇ ਤਰ੍ਹਾਂ ਹੀ ਇਸਲਾਮ ਦੇ ਧਰਮ ਪਵਿਤਰ ਗ੍ਰੰਥ **ਕੁਰਾਨ** ਦੇ ਪਹਿਲੇ ਅਧਿਆਏ '**ਸੂਰਾ-ਤੁਲ ਫ਼ਾਤਿਹਾ**' ਵਿਚ ਵੀ ਅਲ੍ਹਾ ਦੇ ਦੋ ਅਜਿਹੇ ਗੁਣ ਦਸੇ ਗਏ ਹਨ - '**ਅਰ-ਰਹੀਮ**' ਤੇ '**ਅਰ-ਰਹਿਮਾਨ**'। '**ਅਰ-ਰਹਿਮਾਨ**' ਦਾ ਅਰਥ ਸਰਬ ਸਾਂਝੀ ਕਿਰਪਾ ਹੈ ਜਿਵੇਂ ਵਰਖਾ ਵਰਦੀ ਹੈ ਤਾਂ ਬੰਦਾ ਕੁਬੰਦਾ ਵੇਖ ਕੇ ਵਖ ਵਖ ਨਹੀਂ ਵਰਦੀ। ਸੂਰਜ ਰੌਸ਼ਨੀ ਸਭ ਨੂੰ ਦਿੰਦਾ ਹੈ। ਪਰ '**ਅਰ-ਰਹੀਮ**' ਅਲ੍ਹਾ ਦੀ ਉਸ '**ਘਣੇਰੀ**' ਕਿਰਪਾ special qualifying Grace ਹੈ ਜੋ ਆਪਣੇ ਪਿਆਰਿਆਂ ਤੇ ਵਰਦੀ ਹੈ।

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥**

-- ਚੌਥੇ ਨਾਨਕ ਬਚਨ ਕਰਦੇ ਹਨ ਕਿ ਉਹ ਗੁਰਸਿਖ ਜੋ ਆਪ ਵੀ ਨਾਮ ਜਪਦਾ ਹੈ ਅਤੇ ਹੋਰਨਾਂ ਨੂੰ ਵੀ ਨਾਮ ਜਪਾਉਂਦਾ ਹੈ, ਮਹਾਰਾਜ ਅਜਿਹੇ ਗੁਰਸਿਖ ਦੇ ਚਰਨਾਂ ਦੀ ਧੂੜ ਮੰਗਦੇ ਹਨ।੨।

ਗੁਰਬਾਣੀ ਵਿਚ ਆਪ ਨਾਮ ਜਪਣ ਤੇ ਹੋਰਨਾਂ ਨੂੰ ਜਪਾਉਣ ਦੀ ਬਹੁਤ ਮਹਿਮਾ ਗਾਈ ਗਈ ਹੈ। ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਗੁਰੂ ਦੇ ਆਪਣੇ ਪਿਆਰੇ ਜਿਸ ਵਿਅਕਤੀ ਦੇ ਮਥੇ ਤੇ ਭਾਗ ਲਿਖੇ ਹੁੰਦੇ ਹਨ ਗੁਰੂ ਉਨ੍ਹਾਂ ਨੂੰ ਨਾਮ ਦੀ ਦਾਤ ਬਖਸ਼ ਦਿੰਦਾ ਹੈ ਅਤੇ ਫ਼ਿਰ ਉਹ ਵਿਅਕਤੀ ਅਗੋਂ ਜਗਤ ਵਿਚ ਹੋਰਾਂ ਨੂੰ ਨਾਮ ਜਪਵਾਉਂਦਾ ਤੇ ਦ੍ਰਿੜ ਕਰਵਾਉਂਦਾ ਹੈ, ਇਹ ਉਸ ਦਾ ਧਰਮ ਬਣ ਜਾਂਦਾ ਹੈ - 'ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ॥ ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ॥', ਪੰਨਾ ੬੮੦. ਹਰੀ ਪ੍ਰਭੂ ਦੇ ਸੰਤ ਆਪ ਨਾਮ ਜਪਦੇ ਹਨ ਹੋਰਨਾਂ ਨੂੰ ਜਪਾਉਂਦੇ ਹਨ, ਇਸ ਤਰ੍ਹਾਂ ਸਭ ਨੂੰ ਭਵਸਾਗਰ ਤੋਂ ਤਾਰਣ ਦੀ ਵਡੀ ਸਮਰੱਥਾ ਵਾਲੇ ਹੁੰਦੇ ਹਨ - 'ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ॥ ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ॥', ਪੰਨਾ ੧੨੦੬. ਮਹਾਰਾਜ ਦਾ ਆਦੇਸ਼ ਹੈ ਕਿ ਸਿਮਰੋ, ਸਿਮਰ ਸਿਮਰ ਕੇ ਸੁਖ ਪਾ ਲਉ, ਫ਼ਿਰ ਆਪ ਵੀ ਜਪੋ ਤੇ ਹੋਰਾਂ ਨੂੰ ਵੀ ਜਪਾਉ - 'ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥', ਪੰਨਾ ੨੯੦. ਹੋਰ ਫ਼ੁਰਮਾਣ ਕਰਦੇ ਹਨ ਕਿ ਜੋ ਆਪ ਨਾਮ ਸਿਮਰਨ ਨੂੰ ਦ੍ਰਿੜ ਕਰਦਾ ਹੈ ਅਤੇ ਹੋਰਨਾਂ ਨੂੰ ਜਪਾਉਂਦਾ ਹੈ ਅਜਿਹਾ ਭਗਤ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ - 'ਆਪ ਦ੍ਰਿੜੈ ਅਵਰਹ ਨਾਮੁ ਜਪਾਵੈ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥', ਪੰਨਾ ੨੭੪. ਇਸ ਸਮੁਚੇ ਸ਼ਬਦ ਵਿਚ ਸਪੱਸ਼ਟ ਹੋਇਆ ਹੈ ਅਤੇ ਗੁਰ ਫ਼ੁਰਮਾਣ ਵੀ ਹੈ ਕਿ ਗੁਰੂ ਨਾਨਕ ਦੇ ਘਰ, ਭਾਵ, ਸਿਖੀ ਵਿਚ ਸਿਰਫ਼ ਨਾਮ ਦੀ ਪ੍ਰਧਾਨਗੀ ਹੈ, ਗੁਰੂ ਨਾਨਕ ਨੂੰ ਸਿਖ ਦਾ, ਪ੍ਰਭੂ ਦਾ ਨਾਮ ਜਪਣਾ ਹੀ ਭਾਉਂਦਾ ਹੈ - ਸਿਰਫ਼ ਨਾਮ ਜਪਣਾ Primary ਤੇ ਹੋਰ ਧਰਮ ਕਰਮ ਸਭ ਵਿਅਰਥ ਜਾਂ ਪਿਛੇ secondary - '**ਨਾਨਕ ਕੇ ਘਰਿ ਕੇਵਲ ਨਾਮੁ**॥' ਆਉ ਅਸੀਂ ਵੀ ਰੱਜਵਾਂ ਸਿਮਰਨ ਕਰੀਏ ਅਤੇ ਸਤਿਗੁਰੂ ਨਾਨਕ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

